# ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

**ਮੈਡੀਕਲ ਸਿੱਖਿਆ ਭਵਨ, ਪਲਾਟ ਨੰ. 2, ਸੈਕਟਰ 69, ਮੋਹਾਲੀ।**

## ਜਨਤਕ ਸੂਚਨਾ

ਨੰ. ਪ੍ਰਸ਼ਾ. ਈ-2-2026/10518 ਮਿਤੀ 03/09/2026

ਡਾਇਰੈਕਟੋਰੇਟ ਅਧੀਨ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ **Critical Care Block** ਲਈ 66 ਸਟਾਫ ਨਰਸਾਂ ਦੀ ਅਸਾਮੀ ਤੇ ਲੇਬਰ ਕਮਿਸ਼ਨ, ਪੰਜਾਬ ਵੱਲੋਂ ਸਮੇਂ-ਸਮੇਂ ਤੇ ਨਿਰਧਾਰਤ ਰੇਟਾਂ ਤੇ ਇੱਕ ਸਾਲ ਲਈ ਠੇਕਾ ਆਧਾਰ ਤੇ ਭਰਨ ਲਈ ਯੋਗ ਉਮੀਦਵਾਰਾਂ (ਪੁਰਸ਼/ਮਹਿਲਾ) ਕੋਲੋਂ ਨਿਰਧਾਰਤ ਪ੍ਰੋਫਾਰਮੇ ਤੇ ਮਿਤੀ 14.09.2026 ਨੂੰ ਸ਼ਾਮ 05:00 ਤੱਕ ਬਿਨੈ-ਪੱਤਰ ਮੰਗੇ ਜਾਂਦੇ ਹਨ। ਇਹਨਾਂ ਅਸਾਮੀਆਂ ਲਈ ਅਸਾਮੀਆਂ ਦੀ ਗਿਣਤੀ,ਰਾਖਵਾਂਕਰਨ, ਵਿਦਿਅਕ ਯੋਗਤਾ, ਫੀਸ, ਨਿਯਮ ਤੇ ਸ਼ਰਤਾਂ ਅਤੇ ਆਨ ਲਾਈਨ ਅਪਲਾਈ ਕਰਨ ਲਈ ਪ੍ਰੋਫਾਰਮਾ ਸਬੰਧੀ ਵੇਰਵੇ ਵਿਭਾਗ ਦੀ ਵੈੱਬਸਾਈਟ www.punjabmedicaleducation.org ਤੇ ਹੈ।

ਸੰਯੁਕਤ ਡਾਇਰੈਕਟਰ,

**ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ**

II

ਅਸਾਮੀ ਦਾ ਵੇਰਵਾ:-

| ਲੜੀ ਨੰ. | ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਤਨਖਾਹ | ਵਿੱਦਿਅਕ ਯੋਗਤਾ |
|---|---|---|---|---|
| 1. | ਸਟਾਫ ਨਰਸ (ਠੇਕੇ ਤੇ ਇੱਕ ਸਾਲ ਲਈ) | 66 | ਲੇਬਰ ਕਮਿਸ਼ਨ, ਪੰਜਾਬ ਵੱਲੋਂ ਸਮੇਂ-ਸਮੇਂ ਨਿਰਧਾਰਤ ਰੇਟਾਂ ਤੇ | i) Should have passed senior Secondary Part-II Examination or its equivalent from a recognized university or institution;<br>ii) Should possess a diploma in General Nursing and Midwifery from a recognized university or institution; and<br>iii) Should be registered with Punjab Nursing Registration Council, established under the Punjab Nurses Registration Act, 1932 |

**ਸਟਾਫ ਨਰਸ ਦੀ ਉਕਤ ਅਸਾਮੀਆਂ ਲਈ ਰਾਖ਼ਵਾਂਕਰਨ ਹੇਠ ਲਿਖੇ ਅਨੁਸਾਰ ਹੈ**

| S. No | Category name with code | Total no of posts |
|---|---|---|
| 1. | General (01) | 18 |
| 2. | General (Woman)(02) | 8 |
| 3. | General (EWS) (03) | 4 |
| 4. | General Woman (EWS) (04) | 2 |
| 5. | S.C. (M&B) (05) | 4 |
| 6. | S.C. (R&O) (06) | 4 |
| 7. | S.C. (M&B) Woman (07) | 3 |
| 8. | S.C. (R&O) Woman (08) | 3 |
| 9. | B.C (09) | 4 |
| 10. | B.C (ESM) (10) | 1 |
| 11. | B.C (Woman)(11) | 3 |
| 12. | ESM (12) | 2 |
| 13. | ESM (Woman)(13) | 3 |
| 14. | S.C. (M&B) (ESM) (14) | 1 |
| 15. | S.C. (R&O) (ESM) (15) | 1 |
| 16. | HANDICAPPED (16) | 2 |
| 17. | S.C. (Sportsman) (M&B) (17) | 1 |
| 18. | SPORTSMAN (Woman)(18) | 1 |
| 19. | FREEDOM FIGHTER (19) | 1 |
| | Total | 66 |

## ਠੇਕੇ ਦੇ ਭਰਤੀ ਕਰਨ ਸਮੇਂ ਚੋਣ ਪ੍ਰਕਿਰਿਆ ਦੀ ਵਿਧੀ:-

| | | |
|---|---|---|
| ਲੜੀ ਨੰ. 1 | ਵਿੱਦਿਅਕ ਯੋਗਤਾ ਦੇ ਨੰਬਰ | ਵੱਧੋ-ਵੱਧ 25 ਨੰਬਰ<br>ਇਹਨਾਂ ਅੰਕਾਂ ਦੀ ਗਣਨਾ ਕਮੇਟੀ ਵੱਲੋਂ GNM ਵਿੱਚ ਪ੍ਰਾਪਤ ਅੰਕਾਂ ਦੇ ਹਿਸਾਬ ਨਾਲ ਕੀਤੀ ਜਾਵੇਗੀ। ਇਹਨਾਂ ਅਸਾਮੀਆਂ ਲਈ ਘੱਟੋ ਘੱਟ ਵਿੱਦਿਅਕ ਯੋਗਤਾ GNM ਹੈ, ਜਿਹਨਾਂ ਬਿਨੈਕਾਰਾਂ ਨੇ GNM ਨਾ ਕਰਕੇ ਸਿੱਧੇ ਤੌਰ ਤੇ BSC Nursing ਕੀਤੀ ਹੈ ਉਹਨਾਂ ਦੇ GNM ਦੀ ਥਾਂ ਤੇ BSC Nursing ਦੇ ਨੰਬਰ ਵਿਚਾਰੇ ਜਾਣਗੇ।<br><br>ਨੋਟ: ਉਚੇਰੀ ਸਿੱਖਿਆ ਦਾ ਕੋਈ ਵਾਧੂ ਨੰਬਰ ਨਹੀਂ ਦਿੱਤਾ ਜਾਵੇਗਾ |
| 2 | ਕੋਵਿਡ-19 ਮਹਾਂਮਰੀ ਦੌਰਾਨ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਅਧੀਨ ਸਰਕਾਰੀ ਮੈਡੀਕਲ ਕਾਲਜਾਂ ਅੰਮ੍ਰਿਤਸਰ/ਪਟਿਆਲਾ ਅਤੇ ਉਹਨਾਂ ਨਾਲ ਲਗਦੇ ਹਸਪਾਤਲਾਂ ਵਿਖੇ ਕੰਮ ਕਰਨ ਵਾਲੇ ਪ੍ਰਾਰਥੀ ਨੂੰ ਤਜਰਬੇ ਦੇ ਨੰਬਰ | ਵੱਧੋ-ਵੱਧ 10 ਨੰਬਰ |
| 3 | ਇੰਟਰਵਿਊ ਦੇ ਨੰਬਰ (ਇੰਟਰਵਿਊ ਕਮੇਟੀ ਵੱਲੋਂ) ਮੈਰਿਟ ਕਰਾਇਟੇਰੀਏ (Criteria) ਅਨੁਸਾਰ ਮੈਰਿਟ ਤਿਆਰ ਕਰਨ ਉਪਰੰਤ ਕੁੱਲ 66 ਅਸਾਮੀਆਂ ਤੋਂ 5 ਗੁਣਾ ਬਿਨੈਕਾਰਾਂ ਨੂੰ ਹੀ ਇੰਟਰਵਿਊ ਲਈ ਬੁਲਾਇਆ ਜਾਵੇਗਾ। | ਵੱਧੋ-ਵੱਧ 15 ਨੰਬਰ |
| 4 | ਕੁੱਲ ਅੰਕ | 50 Marks |

**ਨਿਯਮ ਅਤੇ ਸ਼ਰਤਾ:-**

1. **ਉਮਰ ਹੱਦ: ਜਨਰਲ ਕੈਟਾਗਿਰੀ ਲਈ 18-37 ਸਾਲ (ਉਮੀਦਵਾਰ ਦੀ ਉਮਰ ਮਿਤੀ 01.01.2026 ਨੂੰ ਉਪਰਲੀ ਉਮਰ ਸੀਮਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ ਹੈ)**
2. ਅਨੂਸੂਚਿਤ ਜਾਤੀ,/ਪੱਛੜੀਆਂ ਸ੍ਰੇਈਆਂ ਦੇ ਬਿਨੈਕਾਰਾਂ ਨੂੰ ਉਪਰਲੀ ਉਮਰ ਸੀਮਾ ਵਿੱਚ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਛੋਟ ਦਿੱਤੀ ਜਾਵੇਗੀ।
3. **ਉਪਰਲੀ ਉਮਰ ਸੀਮਾਂ ਵਿੱਚ ਭਿੰਨ-ਭਿੰਨ ਕੈਟਾਗਿਰੀ ਨੂੰ ਸਰਕਾਰ ਵੱਲੋਂ ਨਿਰਧਾਰਿਤ ਰੂਲਾਂ ਅਨੁਸਾਰ ਹੇਠ ਲਿਖੇ ਅਨੁਸਾਰ ਛੋਟ ਹੈ:-**
   - I. **ਅ.ਜ./ ਪੱਛੜੀ ਸ੍ਰੇਣੀ ਨੂੰ 5 ਸਾਲ**
   - II. **ਅੰਗਹੀਣ ਨੂੰ 10 ਸਾਲ**
   - III. **ਸਾਬਕਾ ਫੌਜੀ ਨੂੰ ਸ੍ਰੇਣੀ ਦੇ ਉਮੀਦਵਾਰਾਂ ਨੂੰ ਹੇਠ ਲਿਖੇ ਅਨੁਸਾਰ ਉਪਰਲੀ ਉਮਰ ਸੀਮਾਂ ਵਿੱਚ ਛੋਟ ਮਿਲੇਗੀ:-**

"For recruitment to any vacancy in the State Civil Services whether reserved or not under these rules an Ex-Servicemen shall be allowed to deduct the period of his/her service in the Armed Forces of the Union from his/her actual age and if the resultant age does not exceed the maximum age limit prescribed for direct appointment to such vacancy in the concerned service rules, by more than 3 years, he/she shall be deemed to satisfy the condition regarding age limit"

4. ਜੇਕਰ ਐਸ.ਸੀ. I (M&B) ਕੈਟਾਗਿਰੀ ਨਾਲ ਸਬੰਧਤ ਬਿਨੈਕਾਰ ਨਹੀਂ ਮਿਲਦੇ ਹਨ ਤਾਂ ਇਹਨਾ ਰਾਖਵੀਆਂ ਅਸਾਮੀਆਂ ਨੂੰ ਐਸ.ਸੀ. II (R&O) ਕੈਟਾਗਿਰੀ ਨਾਲ ਸਬੰਧਤ ਬਿਨੈਕਾਰਾਂ ਵਿਚੋਂ ਭਰ ਲਈਆਂ ਜਾਣਗੀਆਂ।

5. ਜੇਕਰ ਐਸ.ਸੀ. (ਸਾਬਕਾ ਫੌਜੀ) ਜਾਂ ਐਸ.ਸੀ. (ਖਿਡਾਰੀ) ਨਹੀਂ ਮਿਲਦੇ ਹਨ ਤਾਂ ਇਹਨਾਂ ਨੂੰ ਐਸ.ਸੀ. ਕੈਟਾਗਿਰੀ ਨਾਲ ਸਬੰਧਤ ਬਿਨੈਕਾਰਾਂ ਵਿੱਚੋਂ ਨਿਯਮਾਂ ਅਨੁਸਾਰ ਭਰ ਲਿਆ ਜਾਵੇਗਾ।

6. ਉਮੀਦਵਾਰ ਨੂੰ ਦਸਵੀਂ ਪੱਧਰ ਤੱਕ ਪੰਜਾਬੀ ਪਾਸ ਹੋਣੀ ਲਾਜਮੀ ਹੋਵੇਗਾ।

7. ਉਮੀਦਵਾਰ ਅਰਜੀਆਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ ਤੋਂ ਪਹਿਲਾਂ ਪੰਜਾਬ ਨਰਸਿੰਗ ਰਜਿਸਟ੍ਰੇਸ਼ਨ ਕੌਂਸਲ ਵਿੱਚ ਰਜਿਸਟਰ ਹੋਣਾ ਚਾਹੀਦਾ/ਚਾਹੀਦੀ ਹੈ।

8. ਜਿਹਨਾਂ ਬਿਨੈਕਾਰਾਂ ਨੇ ਕੋਵਿਡ-19 ਮਹਾਂਮਾਰੀ ਦੌਰਾਨ ਮੈਡੀਕਲ ਖੋਜ ਅਤੇ ਸਿੱਖਿਆ ਵਿਭਾਗ ਅਧੀਨ ਕੰਮ ਕੀਤਾ ਹੈ ਉਹਨਾਂ ਉਮੀਦਵਾਰ ਵੱਲੋਂ ਕੋਵਿਡ-19 ਮਹਾਂਮਾਰੀ ਦੌਰਾਨ ਕੰਮ ਕਰਨ ਦਾ ਸਰਟੀਫਿਕੇਟ (ਅਨੁਲੱਗ –ੳ) ਸੰਸਥਾ ਦੇ ਮੁਖੀ ਦੇ ਹਸ਼ਤਾਖਰ ਅਤੇ ਮੋਹਰ ਸਮੇਤ ਜਮ੍ਹਾਂ ਕਰਵਾਉਣਾ ਹੋਵੇਗਾ। ਇਹ ਸਰਟੀਫਿਕੇਟ ਪੇਸ਼ ਕਰਨ ਤੇ ਹੀ ਤਜਰਬੇ ਦਾ ਲਾਭ ਦਿੱਤਾ ਜਾਵੇਗਾ।

9. ਇਹਨਾਂ ਆਸਾਮੀਆਂ ਲਈ ਰਾਖਵਾਂਕਰਨ ਪੰਜਾਬ ਸਰਕਾਰ ਦੀ ਸ਼ਰਤਾਂ ਅਨੁਸਾਰ ਹੋਵੇਗਾ ਅਤੇ ਪੰਜਾਬ ਸਰਕਾਰ ਦੀ ਨੋਟੀਫਿਕੇਸਨ ਨੰ: GSR87/Const./Arts.309 ਮਿਤੀ 21.10.2020 ਅਨੁਸਾਰ (The Punjab Civil Services (Reservations of Posts for Woman) Rules. 2020 ਅਧੀਨ ਬਣਦਾ ਲਾਭ ਦਿੱਤਾ ਜਾਵੇਗਾ।

10. ਇਹਨਾਂ ਆਸਾਮੀਆਂ ਲਈ ਅਪਲਾਈ ਕਰਨ ਵਾਲੇ ਬਿਨੈਕਾਰਾਂ ਦੀ ਯੋਗਤਾ ਅਤੇ ਤਜਰਬਾ ਅਰਜੀਆਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ ਤੱਕ ਹੀ ਮੰਨਿਆ ਜਾਵੇਗਾ।

11. ਇਹਨਾਂ ਆਸਾਮੀਆ ਲਈ ਪੰਜਾਬ ਸਰਕਾਰ ਵਲੋਂ ਨੋਟੀਫਾਈ ਪੰਜਾਬ ਸਿਵਲ ਸੇਵਾਵਾਂ (ਸੇਵਾਵਾਂ ਦੀ ਆਮ ਸ਼ਰਤਾ) ਰੂਲਜ, 1994 ਦੀਆਂ ਸ਼ਰਤਾ ਲਾਗੂ ਹੋਣਗੀਆਂ। ਵਿਭਾਗ ਵਲੋਂ ਬਿਨੈਕਾਰ ਦੇ ਯੋਗਤਾ ਦੇ ਦਸਤਾਵੇਜਾਂ ਦੀ ਪੜਤਾਲ ਕੀਤੀ ਜਾਵੇਗੀ। ਇਹਨਾਂ ਆਸਾਮੀਆਂ ਲਈ ਯੋਗਤਾ ਪੂਰੀ ਨਾ ਹੋਣ ਦੀ ਸੂਰਤ ਵਿਚ ਬਿਨੈਕਾਰ ਨੂੰ ਸਬੰਧਤ ਆਸਾਮੀ ਲਈ ਵਿਚਾਰਿਆ ਨਹੀਂ ਜਾਵੇਗਾ।

**12. ਇਹਨਾਂ ਅਸਾਮੀਆਂ ਦੀ ਗਿਣਤੀ ਲੋੜ ਅਨੁਸਾਰ ਵਧਾਈ ਜਾ ਘਟਾਈ ਜਾ ਸਕਦੀ ਹੈ।**

13. ਰਾਖਵੀਂ ਸ਼੍ਰੇਣੀ ਲਈ ਪ੍ਰਾਪਤ ਹੋਏ ਬਿਨੈ-ਪੱਤਰਾਂ ਨਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਖਵੀਂ ਸ਼੍ਰੇਣੀ ਦਾ ਸਰਟੀਫਿਕੇਟ ਨਾਲ ਨੱਥੀ ਹੋਣਾ ਚਾਹੀਦਾ ਹੈ। ਇਹ ਸਰਟੀਫਿਕੇਟ ਨਾਲ ਨੱਥੀ ਨਾ ਹੋਣ ਦੀ ਸੂਰਤ ਵਿੱਚ ਬਿਨੈਕਾਰ ਦੀ ਅਰਜ਼ੀ ਨੂੰ ਜਨਰਲ ਵਿੱਚ ਵਿਚਾਰਿਆ ਜਾਵੇਗਾ ਅਤੇ ਫੀਸ ਵੀ ਜਨਰਲ ਉਮੀਦਵਾਰ ਦੇ ਬਰਾਬਰ ਦੇਣੀ ਹੋਵੇਗੀ।

14. ਅਧੂਰੀਆਂ ਅਰਜ਼ੀਆਂ, ਜਿਨ੍ਹਾਂ ਨਾਲ ਯੋਗਤਾ ਸਬੰਧੀ ਸਰਟੀਫਿਕੇਟ ਨੱਥੀ ਨਹੀਂ ਕੀਤੇ ਗਏ ਜਾਂ ਮੁਕੰਮਲ ਸੂਚਨਾ ਨਹੀਂ ਭਰੀ ਗਈ, ਉਹਨਾਂ ਅਰਜ਼ੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਦਿੱਤੀਆਂ ਜਾਣਗੀਆਂ।

15. ਇਹ ਨਿਯੁਕਤੀ ਇੱਕ ਸਾਲ ਦੇ ਸਮੇਂ ਲਈ ਠੇਕੇ ਦੇ ਆਧਾਰ ਤੇ ਹੋਵੇਗੀ। ਇਸ ਸਮੇਂ ਦੌਰਾਨ ਬਿਨੈਕਾਰ ਦਾ ਕੰਮ-ਕਾਜ ਤਸੱਲੀਬਖਸ਼ ਨਾ ਹੋਣ ਕਰਕੇ ਕਿਸੇ ਵੀ ਸਮੇਂ ਉਸ ਦੀਆਂ ਸੇਵਾਵਾਂ ਬਿਨਾਂ ਕਿਸੇ ਨੋਟਿਸ ਦੇ ਸਮਾਪਤ ਕੀਤੀਆਂ ਜਾ ਸਕਦੀਆਂ ਹਨ।

16. ਬਿਨੈਕਾਰ ਨੂੰ ਇੰਟਰਵਿਊ ਲਈ ਹਾਜ਼ਰ ਹੋਣਾ ਪਵੇਗਾ। ਇੰਟਰਵਿਊ ਸਡਿਊਲ ਬਾਰੇ ਬਾਅਦ ਵਿੱਚ ਵਿਭਾਗ ਦੀ ਵੈੱਬਸਾਈਟ ਤੇ ਦੱਸਿਆ ਜਾਵੇਗਾ। ਮੈਰਿਟ ਕਰਾਇਟੇਰੀਏ ਅਨੁਸਾਰ ਮੈਰਿਟ ਤਿਆਰ ਕਰਨ ਉਪਰੰਤ ਕੁੱਲ 66 ਅਸਾਮੀਆਂ ਤੋਂ 5 ਗੁਣਾ ਬਿਨੈਕਾਰਾਂ ਨੂੰ ਹੀ ਇੰਟਰਵਿਊ ਲਈ ਬੁਲਾਇਆ ਜਾਵੇਗਾ।

17. ਉਮੀਦਵਾਰ ਵੱਲੋਂ ਲਿੰਕ ਓਪਨ ਕਰਕੇ ਆਨਲਾਈਨ ਫਾਰਮ ਭਰਿਆ ਜਾਵੇ, ਜਿਸਦਾ ਲਿੰਕ ਵਿਭਾਗ ਦੀ ਵੈੱਬਸਾਈਟ (www.punjabmedicaleducation.org) ਤੇ ਉਪਲੱਬਧ ਹੋਵੇਗਾ। ਉਮੀਦਵਾਰ ਨੂੰ ਆਨਲਾਈਨ ਫਾਰਮ ਭਰਨ ਉਪਰੰਤ ਉਸਦੀ ਈ-ਮੇਲ ਆਈ.ਡੀ. ਤੇ ਉਸਨੂੰ ਉਸ ਦੁਆਰੇ ਭਰੇ ਗਏ ਫਾਰਮ ਦੀ ਪੀ.ਡੀ.ਐਫ ਕਾਪੀ ਪ੍ਰਾਪਤ ਹੋ ਜਾਵੇ ਜਿਸ ਦੀ ਕਾਪੀ ਡਾਊਨਲੋਡ ਕਰਕੇ ਹਾਰਡ ਕਾਪੀ ਚੈੱਕ ਲਿਸਟ (ਅਨੁਲੱਗ-ਅ) ਵਿੱਚ ਦਰਸਾਏ ਦਸਤਾਵੇਜਾਂ ਦੀ ਕਾਪੀ ਸਮੇਤ ਮਿੱਥੀ ਮਿਤੀ/ਸਮੇਂ ਤੋਂ ਪਹਿਲਾਂ-ਪਹਿਲਾਂ ਦਫਤਰ ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ,

ਪੰਜਾਬ, ਮੈਡੀਕਲ ਸਿੱਖਿਆ ਭਵਨ, ਪਹਿਲੀ ਮੰਜਿਲ, ਸੈਕਟਰ 69, ਮੋਹਾਲੀ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ। ਅਰਜ਼ੀਆਂ ਕੰਮ-ਕਾਜ ਵਾਲੇ ਦਿਨਾਂ ਵਿੱਚ ਸਵੇਰੇ 9:00 ਤੋਂ ਸ਼ਾਮ 5:00 ਵਜੇ ਤੱਕ ਦਸਤੀ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ।

18. ਫਾਰਮ ਭਰਨ ਲਈ ਜਨਰਲ ਉਮੀਦਵਾਰਾਂ ਲਈ ਫੀਸ 500/- ਰੁਪਏ ਅਤੇ ਐੱਸ.ਸੀ./ਬੀ.ਸੀ. ਉਮੀਦਵਾਰਾਂ ਲਈ 250/- ਰੁਪਏ ਹੈ। ਫੀਸ ਦੀ ਅਦਾਇਗੀ eReceipt ਦੁਆਰਾ ਕੇਵਲ ਆਨਲਾਈਨ ਵਿਧੀ ਰਾਹੀਂ ਕੀਤੀ ਜਾਵੇ। ਫੀਸ ਦੀ ਅਦਾਇਗੀ ਦਾ ਲਿੰਕ ਡਿਪਾਰਟਮੈਂਟ ਦੀ ਵੈੱਬਸਾਈਟ ਤੇ ਉਪਲੱਭਧ ਹੈ (www.punjabmedicaleducation.org)

19. ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਸਮੇਤ ਅਰਜ਼ੀਆਂ 14.09.2026 **ਸ਼ਾਮ 5:00** ਵਜੇ ਤੱਕ ਡਾਇਰੈਕਟੋਰੇਟ ਦਫ਼ਤਰ ਵਿਖੇ ਪੁੱਜ ਜਾਣੀਆਂ ਚਾਹੀਦੀਆਂ ਹਨ। ਕਿਸੇ ਵੀ ਕਾਰਨ ਨਿਰਧਾਰਿਤ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਅਰਜੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਸੰਯੁਕਤ ਡਾਇਰੈਕਟਰ,**
**ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ**

(ਅਨੁਲੱਗ -ੳ)

## (ਵਿਭਾਗ/ਸੰਸਥਾ ਦਾ ਨਾਮ)

ਨੰ...............                                                                ਮਿਤੀ..........

## ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ............................ਪੁੱਤਰ/ਪੁੱਤਰੀ/ਪਤਨੀ......................... ਵਾਸੀ............... ਵੱਲੋਂ................... (ਵਿਭਾਗ/ਸੰਸਥਾ ਦਾ ਨਾਮ) ............................ ਵਿੱਚ ਮਿਤੀ.................. ਤੋਂ ਮਿਤੀ.............(ਕੁੱਲ...... ਸਾਲ....... ਮਹੀਨੇ...... ਦਿਨ) ਤੱਕ ਬਤੌਰ ਸਟਾਫ ਨਰਸ, ਕਰੋਨਾਂ ਮਹਾਂਮਾਰੀ ਦੌਰਾਨ ਕੰਮ ਕੀਤਾ ਗਿਆ ਹੈ।

1. ਇਹ ਕਿ ਉਕਤ ਦਾ ਕੰਮ ਤਸੱਲੀਬਖਸ਼ ਰਿਹਾ ਹੈ।
2. ਇਹ ਕਿ ਉਕਤ ਵਿਰੁੱਧ ਕੋਈ ਸ਼ਕਾਇਕਤ ਆਦਿ ਪੈਡਿੰਗ ਨਹੀਂ ਹੈ ਅਤੇ ਇਸ ਵਿਭਾਗ ਅਧੀਨ ਉਕਤ ਨੂੰ ਨੌਕਰੀ ਵਿੱਚੋਂ ਸਜ਼ਾ ਦੇ ਤੌਰ ਤੇ ਕੱਢਿਆ ਨਹੀਂ ਗਿਆ ਹੈ।

ਡਾਇਰੈਕਟਰ ਪ੍ਰਿੰਸੀਪਲ,

ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ/ਪਟਿਆਲਾ

ਮੋਹਰ:.........................................

**(ਅਨੁਲੱਗ-ਅ)**

**ਚੈੱਕ ਲਿਸਟ:-**

(1) ਦਸਵੀ ਪੱਧਰ ਤੱਕ ਪੰਜਾਬੀ ਪਾਸ ਦਾ ਸਬੂਤ।

(2) ਜਨਮ ਮਿਤੀ ਦਾ ਸਬੂਤ

(3) ਕੈਟਾਗਿਰੀ ਸਰਟੀਫਿਕੇਟ (ਜੇਕਰ ਕੋਈ ਹੋਵੇ)

(4) ਬਾਰਵੀਂ ਦਾ ਸਰਟੀਫਿਕੇਟ

(5) GNM ਦੇ ਸਰਟੀਫਿਕੇਟ (All DMCs) ਅਤੇ ਰਜਿਸ਼ਟ੍ਰੇਸ਼ਨ ਸਰਟੀਫਿਕੇਟ ਦੀ ਕਾਪੀ

(6) BSC Nursing ਦੇ ਸਰਟੀਫਿਕੇਟ (if have) (All DMCs) ਅਤੇ ਰਜਿਸ਼ਟ੍ਰੇਸ਼ਨ ਸਰਟੀਫਿਕੇਟ ਦੀ ਕਾਪੀ

(7) Covid-19 Pandemic ਸਰਟੀਫਿਕੇਟ (ਮਿੱਥੇ ਪ੍ਰਫਾਰਮੇਂ ਤੇ) ਜੇਕਰ Covid-19 ਮਹਾਂਮਾਰੀ ਦੌਰਾਨ ਕੰਮ ਕੀਤਾ ਹੈ।

(8) ਬਿਨੈਕਾਰ ਵੱਲੋਂ ਆਨਲਾਈਨ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫਾਰਮ ਫੀਸ (e-Receipt) ਦੀ ਕਾਪੀ।